# ਰੇਡੀਓ ਰਿਪੋਰਟ #20

ਇਸ ਰੁੱਤ ਦੀ ਆਖਰੀ ਬਲਿਊਬੇਰੀ ਖੇਤ ਰਿਪੋਰਟ ਨੂੰ ਜੀ ਆਇਆਂ। ਰੁੱਤ ਦੀ ਇਸ ਰਿਪੋਟਰ ਨੂੰ Terralink Horticulture, BC Blueberry Council ਅਤੇ BC Investment Agriculture ਦੁਆਰਾ ਤੁਹਾਡੇ ਤੱਕ ਪੁਚਾਇਆ ਗਿਆ ਹੈ।

ਬਲਿਊਬੇਰੀ ਦੀ ਰੁੱਤ ਹੁਣ ਖਤਮ ਹੋ ਰਹੀ ਹੈ। ਲੇਟ ਰੁੱਤ ਦੀਆਂ ਕਿਸਮਾਂ ਜਿਵੇਂ 'Elliott' ਪੱਕਣਾ ਸ਼ੁਰੂ ਕਰ ਰਹੀਆਂ ਹਨ ਅਤੇ ਇਨ੍ਹਾਂ ਦੀ ਤੁੜਵਾਈ ਪੱਤਝੜ ਦੀ ਰੁੱਤ 'ਚ ਪਹੁੰਚ ਜਾਵੇਗੀ। ਪੰਛੀਆਂ 'ਤੇ ਕਾਬੂ ਪਾਉਂਣ ਲਈ ਪ੍ਰੋਪੇਨ ਵਾਲੀਆਂ ਤੋਪਾਂ ਜਾਂ ਆਵਾਜ਼ ਕਰਨ ਵਾਲੇ ਯੰਤਰ, ਜੋ ਅਜੇ ਵੀ ਵਰਤੇ ਜਾ ਰਹੇ ਹਨ, ਜ਼ਰੂਰੀ ਤੌਰ 'ਤੇ ਰੋਜ਼ਾਨਾਂ ਸਵੇਰੇ 6:30 ਤੋਂ ਲੈ ਕੇ ਸ਼ਾਮ 8:00 ਵਜੇ ਦਰਮਿਆਨ ਵਰਤੇ ਜਾਣ। ਆਵਾਜ਼ ਕਰਨ ਵਾਲੇ ਯੰਤਰ ਕਦੇ ਵੀ ਦੱਸੇ ਗਏ ਸਮੇਂ ਤੋਂ ਅੱਗੇ ਪਿੱਛੇ ਚਲਦੇ ਨਹੀਂ ਛੱਡੇ ਜਾਣੇ ਚਾਹੀਦੇ। ਪੰਛੀਆਂ 'ਤੇ ਕਾਬੂ ਪਾਉਂਣ ਵਾਲੇ ਯੰਤਰ ਅਤੇ ਜਾਲ ਤੁੜਵਾਈ ਤੋਂ ਮਗਰੋਂ ਖੇਤ 'ਚੋਂ ਹਟਾ ਲਏ ਜਾਣੇ ਚਾਹੀਦੇ ਹਨ।

ਜਿਵੇਂ ਹੀ ਅਸੀਂ ਪੱਤਝੜ ਰੁੱਤ 'ਚ ਪਹੁੰਚ ਰਹੇ ਹਾਂ, ਬਲਿਊਬੇਰੀ ਦੇ ਬੂਟੇ ਵਾਧਾ ਬੰਦ ਕਰ ਰਹੇ ਹਨ ਤੇ ਅਗਲੇ ਵਰ੍ਹੇ ਲਈ ਫਲ ਦੀਆਂ ਡੋਡੀਆਂ ਬਣਾ ਰਹੇ ਹਨ। ਬਣ ਰਹੀਆਂ ਡੋਡੀਆਂ ਨੂੰ bacterial blight ਦੀ ਲਾਗ ਤੋਂ ਬਚਾਉਣ ਲਈ copper ਜਾਂ Bordeaux ਦੇ ਮਿਸ਼ਰਣ ਦੇ ਛਿੜਕਾਅ ਕਰਨ ਬਾਰੇ ਵਿਚਾਰ ਕਰੋ। ਜੇਕਰ ਪ੍ਰਾਡਕਟਾਂ ਜਾਂ ਪ੍ਰਾਡਕਟਾਂ ਦੇ ਵਰਤਣ ਦੇ ਢੰਗ ਤਰੀਕਿਆਂ ਬਾਰੇ ਤੁਹਾਡੇ ਕੋਈ ਸਵਾਲ ਹੋਣ ਤਾਂ ਆਪਣੇ ਸਥਾਨਕ ਖੇਤ ਪ੍ਰਤਿਨਿਧ ਨਾਲ ਸੰਪਰਕ ਕਰੋ। ਉਹ ਤੁਹਾਡੇ ਖੇਤ ਵਾਸਤੇ ਤੁਹਾਨੂੰ ਵਿਅਕਤੀਗਤ ਕਿਸਮ ਦੀ ਸਿਫਾਰਿਸ਼ ਦੇ ਸਕਦੇ ਹੋਣਗੇ।

ਬਲਿਊਬੇਰੀ ਫਾਰਮਾਂ 'ਤੇ ਤੁੜਵਾਈ ਤੋਂ ਬਾਦ ਵੀ ਅਜੇ ਕਈ ਮਹੱਤਵਪੂਰਨ ਕਾਰਵਾਈਆਂ ਹਨ ਜੋ ਹੋ ਰਹੀਆਂ ਹਨ ਤੇ ਪੱਤਝੜ ਰੁੱਤ 'ਚ ਵੀ ਕਾਫੀ ਸਮਾਂ ਹੁੰਦੀਆਂ ਰਹਿਣਗੀਆਂ। ਸਤੰਬਰ ਦਾ ਮਹੀਨਾਂ ਖੁਰਾਕੀ ਤੱਤਾਂ ਦੇ ਵਿਸ਼ਲੇਸ਼ਣ ਤੇ ਮਿੱਟੀ ਦੇ pH ਦੀ ਪਰਖ ਲਈ ਮਿੱਟੀ ਦੇ ਨਮੂਨੇ ਲੈਣ ਦਾ ਸਭ ਤੋਂ ਵਧੀਆ ਸਮਾਂ ਹੈ। ਪੱਤਝੜ ਅਤੇ ਸਰਦੀਆਂ ਦੌਰਾਨ ਬਲਿਊਬੇਰੀ ਦੇ ਕਾਸ਼ਤਕਾਰਾਂ ਨੂੰ ਬੂਟਿਆਂ ਦੁਆਲੇ ਚੂਹਿਆਂ ਦੀਆਂ ਕਾਰਵਾਈਆਂ ਦੇ ਨਿਸ਼ਾਨਾਂ ਨੂੰ ਵਾਚਣ ਦੀ ਲੋੜ ਹੈ ਅਤੇ ਜੇ ਲੋੜ ਪਵੇ ਤਾਂ ਫੰਦਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਪੱਤਝੜ ਦੇ ਮਗਰਲੇ ਪੱਖ 'ਚ ਕੱਖਕਾਨ ਪੈਦਾ ਹੋ ਸਕਦਾ ਹੈ ਤੇ ਇਸ 'ਤੇ ਵੀ ਕਾਬੂ ਪਾਉਂਣ ਦੀ ਲੋੜ ਹੋ ਸਕਦੀ ਹੈ। ਸਿੰਚਾਈ ਪ੍ਰਬੰਧ ਅਤੇ ਮਸ਼ੀਨਰੀ ਨੂੰ ਸਰਦੀਆਂ ਲਈ ਤਿਆਰ ਕਰਨ ਦੀ ਲੋੜ ਹੈ ਅਤੇ ਜਦੋਂ ਹੀ ਬੂਟੇ ਵਾਧਾ ਬੰਦ ਕਰ ਲੈਣ ਤਾਂ ਉਨ੍ਹਾਂ ਦੀ ਕਾਂਟ ਛਾਂਟ ਕਰਨ ਦੀ ਲੋੜ ਹੈ।

Canker ਨਾਲ ਮਰੀਆਂ ਟਾਹਣੀਆਂ ਇਸ ਵਰ੍ਹੇ ਵੱਡੀ ਗਿਣਤੀ 'ਚ ਵੇਖਣ ਨੂੰ ਮਿਲੀਆਂ ਹਨ। Canker ਨਾਲ ਮਰੀਆਂ ਟਾਹਣੀਆਂ ਗੂੜ੍ਹੇ ਸੰਤਰੀ ਰੰਗ ਦੀਆਂ ਤੇ ਸੁੱਕੀਆਂ ਹੋਈਆਂ ਹਨ। ਲਾਗ ਵਾਲੀਆਂ ਟਾਹਣੀਆਂ ਨੂੰ ਸਤੰਬਰ ਦੇ ਅੰਤ ਤੋਂ ਪਹਿਲਾਂ ਕੱਟ ਕੇ ਖੇਤ ਵਿਚੋਂ ਬਾਹਰ ਸੁੱਟ ਦੇਣਾ ਤੇ ਤਬਾਹ ਕਰ ਦੇਣਾ ਚਾਹੀਦਾ ਹੈ। Canker 'ਤੇ ਕਾਬੂ ਪਾਉਣ ਲਈ ਹਾਲ ਦੀ ਘੜੀ ਕੋਈ ਕੀਟਨਾਸ਼ਕ ਰਜਿਸਟਰ ਨਹੀਂ ਹੋਇਆ ਹੈ, ਇਸ ਲਈ ਬੀਮਾਰੀ ਵਾਲੀਆਂ ਟਾਹਣੀਆਂ ਨੂੰ ਖੇਤ 'ਚੋਂ ਕੱਟ ਸੁੱਟਣਾ ਆਲੇ ਦੁਆਲੇ ਦੀਆਂ ਤੰਦਰੁਸਤ ਟਾਹਣੀਆਂ ਲਈ ਨਵੀਂ ਲਾਗ ਦੇ ਸਰੋਤ ਨੂੰ ਮਿਟਾਉਣ 'ਚ ਮਦਦ ਕਰੇਗਾ।

Blueberry Scorch Virus ਅਤੇ Blueberry Shock Virus ਦੇ 2007 ਦੀ ਰੁੱਤ ਲਈ ਟੈਸਟ ਹੁਣ ਖਤਮ ਹੋ ਚੁੱਕੇ ਹਨ। ਜੇਕਰ ਤੁਹਾਨੂੰ ਇਸ ਵਰ੍ਹੇ ਮੁਫਤ ਟੈਸਟ ਕਰਾਉਣ ਲਈ ਆਪਣੇ ਨਮੂਨੇ ਭੇਜਣ ਦਾ ਮੌਕਾ ਨਹੀਂ ਮਿਲਿਆ ਤਾਂ ਅਗਲੀ ਬਹਾਰ ਰੁੱਤੇ ਫੁੱਲਾਂ ਦੇ ਖਿੜਨ ਦੌਰਾਨ ਇਨ੍ਹਾਂ ਦੇ ਲੱਛਣਾ ਨੂੰ ਵਾਚਦੇ ਰਹੋ ਅਤੇ ਜਦੋਂ ਲੱਛਣ ਉਭਰਨ ਤਾਂ ਨਮੂਨੇ ਜਮਾਂ ਕਰਵਾਉਣ ਵਾਸਤੇ ਯੋਜਨਾਂ ਬਣਾਉ। ਜੇਕਰ ਤੁਹਾਡੇ ਖੇਤ 'ਚ Blueberry Scorch Virus ਦੀ ਲਾਗ ਵਾਲੇ ਕੋਈ ਬੂਟੇ ਮਿਲੇ ਹਨ ਤਾਂ ਉਹ ਲਾਗ ਵਾਲੇ ਬੂਟੇ ਪੁੱਟ ਸੁੱਟਣੇ ਚਾਹੀਦੇ ਹਨ। ਖੇਤ ਵਿਚ ਛੱਡੇ ਬੀਮਾਰੀ ਵਾਲੇ ਬੂਟੇ ਆਲੇ ਦੁਆਲੇ ਦੇ ਤੰਦਰੁਸਤ ਬੂਟਿਆਂ ਲਈ ਨਵੀਂ ਲਾਗ ਦੇ ਸਰੋਤ ਵਜੋਂ ਕੰਮ ਕਰਨਗੇ, ਜਿੰਨੀ ਦੇਰ ਤੱਕ ਵੀ ਉਹ ਖੇਤ 'ਚ ਛੱਡੀ ਰੱਖੇ ਜਾਣਗੇ।

ਇਹ ਹਮੇਸ਼ਾ ਹੈਰਾਨੀਜਨਕ ਲੱਗਦਾ ਹੈ ਕਿ ਰੁੱਤ ਕਿੰਨੀ ਜ਼ਲਦੀ ਖਤਮ ਹੋ ਗਈ ਲੱਗਦੀ ਹੈ। ਸ਼ੇਰ-ਏ-ਪੰਜਾਬ ਰੇਡੀਓ ਅਤੇ ਸਾਡੇ ਸਾਰੇ ਸਪਾਂਸਰਾਂ ਦਾ ਇਸ ਹਫਤਾਵਾਰੀ ਰਿਪੋਰਟ ਨੂੰ ਸੰਭਵ ਬਣਾਉਣ ਲਈ ਧੰਨਵਾਦ। ਅਸੀਂ ਆਸ ਕਰਦੇ ਹਾਂ ਕਿ ਅਗਲੇ ਵਰ੍ਹੇ ਫਿਰ ਅਸੀਂ ਹੋਰ ਹਫਤਾਵਾਰੀ ਖੇਤ ਰਿਪੋਰਟਾਂ ਤੇ ਜਾਣਕਾਰੀ ਤੁਹਾਡੇ ਤੱਕ ਲਿਆਉਣ ਲਈ ਯੋਗ ਹੋਵਾਂਗੇ।